ਮਾਡਲ ਟੈਸਟ ਪੇਪਰ
ਜਮਾਤ-ਬਾਰਵੀਂ (ਰੈਗੂਲਰ)
ਵਿਸ਼ਾ-ਗੁਰਮਤਿ ਸੰਗੀਤ
ਸ਼ੈਸ਼ਨ 2022-2023

ਸਮਾਂ -3 ਘੰਟੇ ਕੁੱਲ ਅੰਕ-45

ਨੋਟ :- ਇਸ ਪ੍ਰਸ਼ਨ ਪੱਤਰ ਵਿੱਚ ਕੁੱਲ 35 ਪ੍ਰਸ਼ਨ ਹਨ। ਇਹ ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਹੋਇਆ ਹੈ।

(ਭਾਗ- ੳ)

ਇਸ ਭਾਗ ਵਿੱਚ ਪ੍ਰਸ਼ਨ ਨੰ 1 ਤੋ 11 ਤੱਕ ਵਸਤੂ ਨਿਸ਼ਠ ਪ੍ਰਸ਼ਨ, ਪ੍ਰਸ਼ਨ ਨੰ 12 ਤੋ 17 ਤੱਕ ਖਾਲੀ ਸਥਾਨ, ਪ੍ਰਸ਼ਨ ਨੰ 18 ਤੋ 23 ਤੱਕ ਸਹੀ/ਗਲਤ ਪ੍ਰਸ਼ਨ ਹਨ । ਹਰ ਪ੍ਰਸ਼ਨ ਕਰਨਾ ਜ਼ਰੂਰੀ ਹੈ। ਹਰ ਪ੍ਰਸ਼ਨ ਇੱਕ ਅੰਕ ਦਾ ਹੈ।

ਪ੍ਰਸ਼ਨ 1 ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂਆਂ ਦੀ ਬਾਣੀ ਦਰਜ ਹੈ?
ਪ੍ਰਸ਼ਨ 2 ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਿਸੇ ਇੱਕ ਮਿਸ਼ਰਤ ਰਾਗ ਦਾ ਨਾਂ ਦਸੋ।
ਪ੍ਰਸ਼ਨ 3 ਆਸਾ ਦੀ ਵਾਰ ਕਦੋਂ ਗਾਈ ਜਾਂਦੀ ਹੈ?
ਪ੍ਰਸ਼ਨ 4 ਭਾਈ ਸੱਤਾ ਤੇ ਭਾਈ ਬਲਵੰਡ ਜੀ ਨੇ ਕਿਹੜੀ ਵਾਰ ਲਿਖੀ ਸੀ?
ਪ੍ਰਸ਼ਨ 5 ਭਾਈ ਚਾਂਦ ਦਾ ਜਨਮ ਕਿੱਥੇ ਹੋਇਆ ਸੀ?
ਪ੍ਰਸ਼ਨ 6 ਰਾਗ ਧਨਾਸਰੀ ਦਾ ਥਾਟ ਕਿਹੜਾ ਹੈ?
ਪ੍ਰਸ਼ਨ 7 ਰਾਗ ਸਾਰੰਗ ਦੀ ਜਾਤੀ ਕਿਹੜੀ ਹੈ?
ਪ੍ਰਸ਼ਨ 8 ਰਾਗ ਭੈਰਵ ਵਿੱਚ ਕਿਹੜੇ-ਕਿਹੜੇ ਸਵਰ ਕੋਮਲ ਲੱਗਦੇ ਹਨ?
ਪ੍ਰਸ਼ਨ 9 ਰੂਪਕ ਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?
ਪ੍ਰਸ਼ਨ 10 ਝਪ ਤਾਲ ਵਿੱਚ ਕਿਹੜੀ-ਕਿਹੜੀ ਮਾਤਰਾ ਤੇ ਤਾਲੀ ਹੁੰਦੀ ਹੈ?
ਪ੍ਰਸ਼ਨ 11 12 ਮਾਤਰਾਵਾਂ ਵਾਲੀ ਤਾਲ ਦਾ ਨਾਮ ਦਸੋ।
ਪ੍ਰਸ਼ਨ 12 ਰਹਾਉ ਦਾ ਅਰਥ ............ ਹੈ।
ਪ੍ਰਸ਼ਨ 13 ਸੋਦਰ ਦੀ ਬਾਣੀ ................ ਵੇਲੇ ਪੜੀ ਜਾਂਦੀ ਹੈ।
ਪ੍ਰਸ਼ਨ 14 ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ........... ਰਾਗਾਂ ਵਿੱਚ ਬਾਣੀ ਦਰਜ਼ ਹੈ।
ਪ੍ਰਸ਼ਨ 15 ਰਾਗ ਧਨਾਸਰੀ .......... ਜਾਤੀ ਦਾ ਰਾਗ ਹੈ।
ਪ੍ਰਸ਼ਨ 16 ਰਾਗ ਭੈਰਵ ਦਾ ਥਾਟ ............ ਹੈ।
ਪ੍ਰਸ਼ਨ 17 ਤਿੰਨ ਤਾਲ ਵਿੱਚ ............ ਵਿਭਾਗ ਹੁੰਦੇ ਹਨ।
ਪ੍ਰਸ਼ਨ 18 ਭਾਈ ਮਰਦਾਨਾ ਦੇ ਪੁੱਤਰ ਦਾ ਨਾਮ ਭਾਈ ਸ਼ਹਿਜ਼ਾਦ ਸੀ। (ਸਹੀ/ਗਲਤ)
ਪ੍ਰਸ਼ਨ 19 ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਣੀ ਦਾ ਬੋਹਿਥਾ ਕਹਿੰਦੇ ਹਨ।(ਸਹੀ/ਗਲਤ)
ਪ੍ਰਸ਼ਨ 20 ਪੜਤਾਲ ਵਿੱਚ ਇੱਕ ਹੀ ਤਾਲ ਵਜਦੀ ਹੈ। (ਸਹੀ/ਗਲਤ)
ਪ੍ਰਸ਼ਨ 21 ਪਕੜ ਨਾਲ ਰਾਗ ਦੀ ਪਛਾਣ ਹੁੰਦੀ ਹੈ। (ਸਹੀ/ਗਲਤ)
ਪ੍ਰਸ਼ਨ 22 ਰਾਗ ਭੈਰਵ ਪੂਰਵਾਂਗਵਾਦੀ ਰਾਗ ਹੈ। (ਸਹੀ/ਗਲਤ)

Downloaded from cclchapter.com

ਪ੍ਰਸ਼ਨ 23 ਰਾਗ ਤੋੜੀ ਦੁਪਿਹਰ ਨੂੰ ਗਾਇਆਂ ਜਾਂਦਾ ਹੈ। (ਸਹੀ/ਗਲਤ) (23*1=23 ਅੰਕ)

(ਭਾਗ ਅ)

ਇਸ ਭਾਗ ਵਿੱਚ ਪ੍ਰਸ਼ਨ ਨੰ. 24 ਤੋ 31 ਤੱਕ 8 ਸੰਖੇਪਾਤਮਕ ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ 6 ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ 2 ਅੰਕ ਦਾ ਹੈ।

ਪ੍ਰਸ਼ਨ 24 ਸੋਦਰ ਬਾਰੇ ਤੁਸੀ ਕੀ ਜਾਣਦੇ ਹੋ?
ਪ੍ਰਸ਼ਨ 25 ਮਿਸ਼ਰਤ ਰਾਗ ਕਿਸਨੂੰ ਕਹਿੰਦੇ ਹਨ?
ਪ੍ਰਸ਼ਨ 26 ਭਾਈ ਮਰਦਾਨਾ ਕਿਹੜੇ ਗੁਰੂ ਨਾਲ ਰਹਿੰਦੇ ਸਨ? ਉਨ੍ਹਾਂ ਬਾਰੇ ਸੰਖੇਪ ਵਿੱਚ ਲਿਖੋ।
ਪ੍ਰਸ਼ਨ 27 ਮਹਲਾ ਤੋ ਕੀ ਭਾਵ ਹੈ?
ਪ੍ਰਸ਼ਨ 28 ਘਰ ਕਿਸਨੂੰ ਕਹਿੰਦੇ ਹਨ?
ਪ੍ਰਸ਼ਨ 29 ਰਾਗ ਸਾਰੰਗ ਦਾ ਆਰੋਹ, ਅਵਰੋਹ ਅਤੇ ਪਕੜ ਲਿਖੋ।
ਪ੍ਰਸ਼ਨ 30 ਰਾਗ ਤੋੜੀ ਦਾ ਵਾਦੀ-ਸੰਵਾਦੀ ਸੁਰ ਅਤੇ ਥਾਟ ਲਿਖੋ।
ਪ੍ਰਸ਼ਨ 31 'ਤੂ ਨਾ ਕ ਤਾ'- ਤਾਲ ਪਛਾਣ ਕੇ ਉਸਦਾ ਠੇਕਾ ਲਿਖੋ। (6*2=12ਅੰਕ)

(ਭਾਗ ੲ)

ਇਸ ਭਾਗ ਵਿੱਚ ਪ੍ਰਸ਼ਨ ਨੰ. 32 ਤੋ 35 ਤੱਕ ਨਿੰਬਧਾਤਮਕ ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ ਕੋਈ 2 ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ 5 ਅੰਕ ਦਾ ਹੈ।

ਪ੍ਰਸ਼ਨ 32 ਗੁਰਮਤਿ ਸੰਗੀਤ ਦਾ ਕੀ ਇਤਿਹਾਸ ਹੈ? ਵਰਨਣ ਕਰੋ।
ਪ੍ਰਸ਼ਨ 33 ਪ੍ਰੋ. ਤਾਰਾ ਸਿੰਘ ਜੀ ਦਾ ਗੁਰਬਾਣੀ ਸੰਗੀਤ ਵਿੱਚ ਕੀ ਯੋਗਦਾਨ ਹੈ?
ਪ੍ਰਸ਼ਨ 34 ਰਾਗ ਧਨਾਸਰੀ ਕਿਸੇ ਇੱਕ ਸ਼ਬਦ ਦੇ ਸਥਾਈ ਅਤੇ ਅੰਤਰਾਂ ਦੀ ਸੁਰ ਲਿਪੀ ਲਿਖੋ।
ਪ੍ਰਸ਼ਨ 35 ਤਿੰਨ ਤਾਲ ਦੀ ਪ੍ਰੀਭਾਸ਼ਾ ਲਿਖਕੇ ਉਸਦੀ ਇੱਕ ਗੁਣ ਅਤੇ ਦੁਗੁਣ ਲੈਅਕਾਰੀ ਲਿਖੋ। (5*2=10ਅੰਕ)

Downloaded from cclchapter.com